ਵਿਅਕਤੀਗਤ ਰਜਿਸਟ੍ਰੇਸ਼ਨ ਫ਼ਾਰਮ

# ਵੋਟ ਪਾਉਣ ਲਈ ਰਜਿਸਟਰ ਹੋਵੋ

ਇਸ ਫ਼ਾਰਮ ਦੀ ਵਰਤੋਂ ਕਰਦੇ ਹੋਏ ਸਿਰਫ ਇੱਕ ਵਿਅਕਤੀ ਹੀ ਵੋਟ ਪਾਉਣ ਲਈ ਰਜਿਸਟਰ ਹੋ ਸਕਦਾ ਹੈ।

**ਕਾਲੀ ਸਿਆਹੀ** ਦੀ ਵਰਤੋਂ ਕਰੋ ਅਤੇ ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖੋ ਜਾਂ ਔਨਲਾਈਨ **www.gov.uk/register-to-vote** 'ਤੇ ਜਾਓ

## ਔਨਲਾਈਨ ਜਾਓ

ਤੁਸੀਂ ਇਹ ਫ਼ਾਰਮ **www.gov.uk/register-to-vote** 'ਤੇ ਭਰ ਸਕਦੇ ਹੋ।

## ਤੁਹਾਡਾ ਨਾਮ ਅਤੇ ਪਤਾ

ਨਾਮ ਦਾ ਪਹਿਲਾ ਹਿੱਸਾ (ਹਿੱਸੇ)

ਸਰਨੇਮ (ਗੋਤ)

ਤੁਹਾਡਾ ਪਤਾ

ਪੋਸਟ ਕੋਡ

ਕੀ ਤੁਸੀਂ ਕਿਸੇ ਹੋਰ ਪਤੇ 'ਤੇ ਰਹਿੰਦੇ ਹੋ?

☐ ਨਹੀਂ ☐ ਹਾਂ

ਜੇ ਅਸੀਂ ਅਜਿਹੀ ਜਾਣਕਾਰੀ ਛਾਪੀ ਹੈ ਜੋ ਗਲਤ ਹੈ, ਤਾਂ ਕਿਰਪਾ ਕਰਕੇ ਇਸਨੂੰ ਕੱਟ ਦਿਓ ਅਤੇ ਸਹੀ ਜਾਣਕਾਰੀ ਲਿਖੋ।

**ਜੇ ਤੁਸੀਂ ਕਿਸੇ ਦੂਸਰੇ ਪਤੇ 'ਤੇ ਰਹਿੰਦੇ ਹੋ** ਤਾਂ ਸਾਨੂੰ ਇਸ ਵੇਲੇ ਉਹ ਪਤਾ ਨਾ ਦਿਓ, ਪਰ ਅਸੀਂ ਬਾਅਦ ਵਿੱਚ ਤੁਹਾਡੇ ਤੋਂ ਹੋਰ ਜਾਣਕਾਰੀ ਮੰਗ ਸਕਦੇ ਹਾਂ।

## ਕੀ ਪਿਛਲੇ 12 ਮਹੀਨਿਆਂ ਵਿੱਚ ਤੁਸੀਂ ਆਪਣਾ ਨਾਮ ਬਦਲਿਆ ਹੈ?

☐ ਨਹੀਂ ☐ ਹਾਂ

ਜੇ ਹਾਂ, ਤਾਂ ਕਿਰਪਾ ਕਰਕੇ ਸਾਨੂੰ ਆਪਣਾ ਪੁਰਾਣਾ ਨਾਮ ਦਿਓ।

ਕਿਰਪਾ ਕਰਕੇ ਸਾਨੂੰ ਉਹ ਮਿਤੀ ਦੱਸੋ ਜਦੋਂ ਤੁਸੀਂ ਆਪਣਾ ਨਾਮ ਬਦਲਿਆ ਸੀ (DD MM YYYY)।

ਉਦਾਹਰਨ ਲਈ, ਹੋ ਸਕਦਾ ਹੈ ਤੁਹਾਡਾ ਵਿਆਹ ਹੋ ਗਿਆ ਹੋਵੇ।

## ਕੀ ਪਿਛਲੇ 12 ਮਹੀਨਿਆਂ ਵਿੱਚ ਤੁਸੀਂ ਆਪਣੀ ਰਿਹਾਇਸ਼ ਬਦਲੀ ਹੈ?

☐ ਨਹੀਂ ☐ ਹਾਂ

ਜੇ ਹਾਂ, ਤਾਂ ਕਿਰਪਾ ਕਰਕੇ ਕੋਈ ਵੀ ਪੁਰਾਣਾ ਪਤਾ ਦਿਓ ਜਿੱਥੇ ਤੁਸੀਂ ਪਿਛਲੇ ਸਾਲ ਦੇ ਦੌਰਾਨ ਰਹੇ ਹੋ।

ਪੋਸਟ ਕੋਡ

ਜੇ ਇਹ ਪਤਾ ਵਿਦੇਸ਼ ਵਿੱਚ ਸੀ, ਤਾਂ ਕੀ ਤੁਸੀਂ ਯੂਕੇ ਵਿੱਚ ਇੱਕ ਵਿਦੇਸ਼ੀ ਵੋਟਰ ਦੇ ਰੂਪ ਵਿੱਚ ਰਜਿਸਟਰਡ ਸੀ?

☐ ਨਹੀਂ ☐ ਹਾਂ

## ਤੁਹਾਡੀ ਜਨਮ ਮਿਤੀ (DD MM YYYY)

ਜੇ ਤੁਹਾਨੂੰ ਆਪਣੀ ਜਨਮ ਮਿਤੀ ਪਤਾ ਨਹੀਂ ਹੈ, ਤਾਂ ਕਿਰਪਾ ਕਰਕੇ ਆਪਣੀ ਉਮਰ 'ਤੇ ਸਹੀ ਦਾ ਨਿਸ਼ਾਨ ਲਗਾਓ:

☐ 18 ਤੋਂ ਘੱਟ ☐ 18–70 ☐ 70 ਤੋਂ ਵੱਧ

**ਕੀ ਤੁਹਾਨੂੰ ਆਪਣੀ ਸਹੀ ਜਨਮ ਮਿਤੀ ਪਤਾ ਨਹੀਂ ਹੈ?** ਕਿਰਪਾ ਕਰਕੇ ਉਹ ਜਨਮ ਮਿਤੀ ਦਿਓ ਜੋ ਤੁਸੀਂ ਦੂਜੇ ਸਰਕਾਰੀ ਦਸਤਾਵੇਜ਼ਾਂ 'ਤੇ ਲਿਖਦੇ ਹੋ (ਉਦਾਹਰਨ ਲਈ, ਤੁਹਾਡਾ ਪਾਸਪੋਰਟ ਜਾਂ ਡ੍ਰਾਈਵਿੰਗ ਲਾਇਸੈਂਸ) ਜਾਂ ਖ਼ਾਨਿਆਂ ਵਿੱਚੋਂ ਇੱਕ 'ਤੇ ਸਹੀ ਦਾ ਨਿਸ਼ਾਨ ਲਗਾਓ।

## ਤੁਹਾਡੀ ਰਾਸ਼ਟਰੀਅਤਾ

ਜੇ ਤੁਹਾਡੇ ਕੋਲ ਇੱਕ ਤੋਂ ਵੱਧ ਰਾਸ਼ਟਰੀਅਤਾ ਹੈ, ਤਾਂ ਕਿਰਪਾ ਕਰਕੇ ਉਹਨਾਂ ਸਭ ਨੂੰ ਸ਼ਾਮਲ ਕਰੋ। ਤੁਸੀਂ ਯੂਕੇ ਵਿੱਚ ਵੋਟ ਪਾਉਣ ਲਈ ਸਿਰਫ ਤਾਂ ਹੀ ਰਜਿਸਟਰ ਹੋ ਸਕਦੇ ਹੋ ਜੇ ਤੁਹਾਡੇ ਕੋਲ ਯੂਕੇ ਵਿੱਚ ਰਹਿਣ ਦੀ ਆਗਿਆ ਹੈ। ਤੁਹਾਨੂੰ ਚੋਣਾਂ ਸਬੰਧੀ ਰਜਿਸਟਰ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਅਸੀਂ ਹੋਮ ਆਫਿਸ ਦੇ ਕੋਲ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਦੀ ਜਾਂਚ ਕਰ ਸਕਦੇ ਹਾਂ।

## ਤੁਹਾਡਾ ਨੈਸ਼ਨਲ ਇਨਸ਼ੋਰੈਂਸ ਨੰਬਰ

ਇਹ ਤੁਹਾਨੂੰ ਤੁਹਾਡੀ ਪੇ-ਸਲਿਪ (ਤਨਖ਼ਾਹ ਦੀ ਪਰਚੀ) 'ਤੇ, ਜਾਂ ਟੈਕਸ, ਪੈਨਸ਼ਨ ਜਾਂ ਬੈਨਿਫ਼ਿਟਾਂ ਬਾਰੇ ਅਧਿਕਾਰਕ ਚਿੱਠੀਆਂ 'ਤੇ ਮਿਲ ਸਕਦਾ ਹੈ।

**ਜੇ ਤੁਸੀਂ ਸਾਨੂੰ ਆਪਣਾ ਨੈਸ਼ਨਲ ਇਨਸ਼ੋਰੈਂਸ ਨੰਬਰ ਨਹੀਂ ਦੱਸ ਸਕਦੇ ਹੋ**, ਤਾਂ ਸਾਨੂੰ ਤੁਹਾਡੇ ਤੋਂ ਤੁਹਾਡੀ ਪਛਾਣ ਦਾ ਸਬੂਤ ਮੰਗਣ ਦੀ ਲੋੜ ਪੈ ਸਕਦੀ ਹੈ। ਅਸੀਂ ਇਸ ਬਾਰੇ ਤੁਹਾਡੇ ਨਾਲ ਸੰਪਰਕ ਕਰਾਂਗੇ, ਅਤੇ ਤੁਹਾਡੀ ਦਰਖਾਸਤ 'ਤੇ ਕਾਰਵਾਈ ਕਰਨ ਵਿੱਚ ਵੱਧ ਸਮਾਂ ਲੱਗ ਸਕਦਾ ਹੈ।

## ਕੀ ਤੁਹਾਨੂੰ ਆਪਣੀ ਜਨਮ ਮਿਤੀ, ਰਾਸ਼ਟਰੀਅਤਾ ਜਾਂ ਨੈਸ਼ਨਲ ਇਨਸ਼ੋਰੈਂਸ ਨੰਬਰ ਪਤਾ ਨਹੀਂ ਹੈ?

ਕਿਰਪਾ ਕਰਕੇ ਸਾਨੂੰ ਦੱਸੋ ਕਿ ਕਿਉਂ।

## ਸੰਪਰਕ ਵੇਰਵੇ

ਟੈਲੀਫ਼ੋਨ ਨੰਬਰ

ਈਮੇਲ ਪਤਾ (ਜੇ ਤੁਹਾਡੇ ਕੋਲ ਹੈ) ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਿੱਚ

ਸਾਨੂੰ ਆਪਣਾ ਸੰਪਰਕ ਕਰਨ ਦਾ ਵੇਰਵਾ ਦੇਣਾ ਤੁਹਾਡੇ ਲਈ ਜ਼ਰੂਰੀ ਨਹੀਂ ਹੈ, ਪਰ ਜੇ ਤੁਸੀਂ ਦਿੰਦੇ ਹੋ ਤਾਂ ਇਸ ਨਾਲ ਸਾਨੂੰ ਉਸ ਵੇਲੇ ਮਦਦ ਮਿਲੇਗੀ ਜੇ ਸਾਨੂੰ ਤੁਹਾਡੀ ਰਜਿਸਟ੍ਰੇਸ਼ਨ ਦੇ ਸੰਬੰਧ ਵਿੱਚ ਤੁਹਾਡੇ ਨਾਲ ਸੰਪਰਕ ਕਰਨ ਦੀ ਲੋੜ ਪੈਂਦੀ ਹੈ।

## ਖੁੱਲ੍ਹਾ ਰਜਿਸਟਰ

☐ ਮੈਂ ਆਪਣਾ ਨਾਮ ਅਤੇ ਪਤਾ ਖੁੱਲ੍ਹੇ ਰਜਿਸਟਰ ਵਿੱਚ ਸ਼ਾਮਲ ਨਹੀਂ ਕਰਨਾ ਚਾਹੁੰਦਾ/ਚਾਹੁੰਦੀ ਹਾਂ।

ਇਸ ਫਾਰਮ ਦੇ ਪੰਨਾ 4 'ਤੇ ਖੁੱਲ੍ਹੇ ਰਜਿਸਟਰ ਬਾਰੇ ਹੋਰ ਜਾਣਕਾਰੀ ਦਿੱਤੀ ਗਈ ਹੈ।

## ਖੁਦ ਜਾ ਕੇ ਵੋਟ ਨਹੀਂ ਪਾ ਸਕਦੇ ਹੋ?

ਜੇ ਤੁਸੀਂ ਵੋਟ ਪਾਉਣ ਵਾਲੇ ਦਿਨ ਖੁਦ ਵੋਟ ਪਾਉਣ ਲਈ ਨਹੀਂ ਜਾ ਸਕਦੇ ਹੋ, ਤਾਂ ਕਿਰਪਾ ਕਰਕੇ ਚੁਣੋ ਕਿ ਤੁਸੀਂ ਕਿਵੇਂ ਵੋਟ ਪਾਉਣਾ ਚਾਹੋਗੇ ਅਤੇ ਅਸੀਂ ਤੁਹਾਨੂੰ ਇੱਕ ਫਾਰਮ ਭੇਜ ਦੇਵਾਂਗੇ।

☐ ਡਾਕ ਦੁਆਰਾ

☐ ਪ੍ਰੌਕਸੀ ਦੁਆਰਾ (ਤੁਹਾਡੇ ਵੱਲੋਂ ਕੋਈ ਹੋਰ ਵੋਟ ਪਾਏਗਾ)

ਤੁਸੀਂ **www.aboutmyvote.co.uk** 'ਤੇ ਇੱਕ ਦਰਖਾਸਤ ਫਾਰਮ ਵੀ ਡਾਊਨਲੋਡ ਕਰ ਸਕਦੇ ਹੋ।

## ਘੋਸ਼ਣਾ

ਮੇਰੀ ਬੇਹਤਰੀਨ ਜਾਣਕਾਰੀ ਦੇ ਅਨੁਸਾਰ, ਇਸ ਫਾਰਮ ਵਿੱਚ ਦਿੱਤੀ ਗਈ ਜਾਣਕਾਰੀ ਸੱਚ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਫਾਰਮ ਵਿੱਚ ਮੈਂ ਜੋ ਜਾਣਕਾਰੀ ਦਿੱਤੀ ਹੈ ਉਸਨੂੰ ਚੋਣਾਂ ਸਬੰਧੀ ਰਜਿਸਟਰ 'ਤੇ ਵਰਤਿਆ ਜਾਵੇਗਾ।

ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਰਜਿਸਟ੍ਰੇਸ਼ਨ ਲਈ ਦਰਖਾਸਤ ਨਹੀਂ ਦਿੰਦਾ/ਦਿੰਦੀ ਹਾਂ ਜਦੋਂ ਅਜਿਹਾ ਕਰਨ ਦੀ ਲੋੜ ਹੁੰਦੀ ਹੈ ਤਾਂ ਮੇਰੇ 'ਤੇ £80 ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਫਾਰਮ ਵਿੱਚ ਜਾਣ-ਬੁੱਝ ਕੇ ਗਲਤ ਜਾਣਕਾਰੀ ਦੇਣਾ ਇੱਕ ਅਪਰਾਧ ਹੈ, ਅਤੇ ਮੇਰੇ 'ਤੇ £5,000 ਤਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ ਅਤੇ/ਜਾਂ ਮੈਨੂੰ ਛੇ ਮਹੀਨੇ ਤੱਕ ਦੀ ਜੇਲ੍ਹ ਹੋ ਸਕਦੀ ਹੈ।

**ਦਸਤਖਤ**

**ਮਿਤੀ** (DD MM YYYY)

## ਹੁਣ ਫਾਰਮ 'ਤੇ ਦਸਤਖਤ ਕਰਕੇ ਇਸਨੂੰ ਵਾਪਸ ਭੇਜੋ

ਦਸਤਖਤ ਕੀਤੇ ਫਾਰਮ ਨੂੰ ਪ੍ਰੀ-ਪੇਡ ਲਿਫਾਫੇ ਵਿੱਚ – ਜਾਂ ਇਸ ਫਾਰਮ ਦੇ ਪੰਨਾ 1 'ਤੇ ਦਿੱਤੇ ਗਏ ਪਤੇ 'ਤੇ ਭੇਜ ਦਿਓ।